# ਪਰਦੇਦਾਰੀ ਅਤੇ ਖੁਲਾਸਾ:

## ਔਰਤਾਂ ਲਈ ਸੇਵਾ ਪ੍ਰਦਾਨਕਾਂ ਵਾਸਤੇ HIV-ਸਬੰਧਿਤ ਪਰਦੇਦਾਰੀ ਅਤੇ ਖੁਲਾਸੇ ਦੇ ਮਾਮਲਿਆਂ ਬਾਰੇ ਸਵਾਲ ਅਤੇ ਜਵਾਬ

Canadian HIV/AIDS Legal Network | Réseau juridique canadien VIH/sida

ਅਪਰੈਲ 2012

ਕੈਨੇਡਾ ਵਿੱਚ HIV ਨਾਲ ਜੀਵਨ ਬਸਰ ਕਰ ਰਹੀਆਂ ਔਰਤਾਂ ਦੀ ਗਿਣਤੀ ਦਿਨੋਂ ਦਿਨ ਵਧ ਰਹੀ ਹੈ, ਪਰ ਫਿਰ ਵੀ ਆਮ ਜਨਤਾ ਵਿੱਚ ਵਾਇਰਸ ਬੇਹੱਦ ਦਾਗਨੁਮਾ ਬਣਿਆ ਹੋਇਆ ਹੈ ਅਤੇ ਇਸਨੂੰ ਬਹੁਤ ਘੱਟ ਸਮਝਿਆ ਜਾਂਦਾ ਹੈ। ਹਿੰਸਾ, ਪਦਾਰਥਾਂ ਦੀ ਦੁਰਵਰਤੋਂ, ਬਸੇਰਾ, ਗਰੀਬੀ ਜਾਂ ਢੇਰ ਸਾਰੇ ਹੋਰ ਮੁੱਦਿਆਂ ਨਾਲ ਸਬੰਧਿਤ ਚੁਣੌਤੀਆਂ ਦਾ ਸਾਹਮਣਾ ਕਰ ਰਹੀਆਂ ਔਰਤਾਂ ਵਾਸਤੇ, HIV-ਸਬੰਧਿਤ ਕਨੂੰਨੀ ਮਾਮਲਿਆਂ ਨਾਲ ਤਾਅਲੁਕ ਰੱਖਦੇ ਸਵਾਲ ਚਿੰਤਾ ਅਤੇ ਖਤਰੇ ਦੇ ਇੱਕ ਵਧੀਕ ਪੱਧਰ ਨੂੰ ਸ਼ਾਮਲ ਕਰ ਸਕਦੇ ਹਨ। ਇਹ ਹਮੇਸ਼ਾ ਸਪੱਸ਼ਟ ਨਹੀਂ ਹੁੰਦਾ ਕਿ ਦਰੁਸਤ ਅਤੇ ਪਹੁੰਚਣਯੋਗ ਜਾਣਕਾਰੀ ਕੋਈ ਕਿੱਥੋਂ ਲੱਭ ਸਕਦਾ ਹੈ। ਬਹੁਤ ਸਾਰੀਆਂ ਔਰਤਾਂ ਵਾਸਤੇ ਸੰਪਰਕ ਦੀ ਪਹਿਲੀ ਲਾਈਨ ਉਹਨਾਂ ਸੇਵਾ ਅਦਾਰਿਆਂ ਜਾਂ ਪ੍ਰੋਗਰਾਮਾਂ ਦਾ ਅਮਲਾ ਹੁੰਦਾ ਹੈ ਜਿੰਨ੍ਹਾਂ ਦੀ ਉਹ ਵਰਤੋਂ ਕਰਦੀਆਂ ਹਨ।

ਇਹ ਦਸਤਾਵੇਜ਼ ਕੈਨੇਡਾ ਵਿੱਚ ਔਰਤਾਂ ਨੂੰ ਸੇਵਾਵਾਂ ਪ੍ਰਦਾਨ ਕਰਾਉਣ ਵਾਲੇ ਅਦਾਰਿਆਂ ਦੇ ਕੁਝ ਆਮ HIV-ਸਬੰਧਿਤ ਕਨੂੰਨੀ ਸਵਾਲਾਂ ਵੱਲ ਤਵੱਜੋਂ ਦਿੰਦਾ ਹੈ। ਇਹ ਜਾਣਕਾਰੀ ਜ਼ਰੂਰਤ ਪੈਣ ’ਤੇ, ਸੇਵਾ ਪ੍ਰਦਾਨਕਾਂ ਨੂੰ ਉਹਨਾਂ ਔਰਤਾਂ ਨੂੰ ਉਚਿਤ ਕਨੂੰਨੀ ਜਾਣਕਾਰੀ ਅਤੇ ਸਹਾਇਤਾ ਬਾਰੇ ਸੂਚਿਤ ਕਰਨ ਅਤੇ ਉਹਨਾਂ ਕੋਲ ਭੇਜਣ ਵਿੱਚ ਮਦਦ ਕਰੇਗੀ ਜਿੰਨ੍ਹਾਂ ਨਾਲ ਉਹ ਕਾਰਜ ਕਰਦੇ ਹਨ। ਇਹ ਉਹਨਾਂ ਨੂੰ HIV-ਸਬੰਧਿਤ ਜਾਣਕਾਰੀ ਦੇ ਸਬੰਧ ਵਿੱਚ ਉਹਨਾਂ ਦੀਆਂ ਜਿੰਮੇਵਾਰੀਆਂ ਬਾਰੇ ਮਾਰਗ-ਦਰਸ਼ਨ ਵੀ ਪ੍ਰਦਾਨ ਕਰਾਵੇਗੀ।

ਇਸ ਸਵਾਲ ਅਤੇ ਜਵਾਬ ਦਸਤਾਵੇਜ਼ ਦਾ ਵਿਕਾਸ ਉਹਨਾਂ ਅਦਾਰਿਆਂ ਦੇ ਪ੍ਰਤੀਨਿਧਾਂ ਵਾਸਤੇ ਕੀਤਾ ਗਿਆ ਸੀ ਜੋ ਗਰੀਬੀ ਵਿੱਚ ਰਹਿ ਰਹੀਆਂ ਔਰਤਾਂ, ਨਵੀਆਂ ਆਈਆਂ ਔਰਤਾਂ, ਨਸ਼ੀਲੀਆਂ ਦਵਾਈਆਂ ਦੀ ਵਰਤੋਂ ਕਰਨ ਵਾਲੀਆਂ ਔਰਤਾਂ, ਜਿਨਸੀ ਜਾਂ ਘਰੇਲੂ ਹਿੰਸਾ ਤੋਂ ਬਚ ਨਿਕਲਣ ਵਾਲੀਆਂ, ਸਥਿਰ ਬਸੇਰੇ ਤੋਂ ਰਹਿਤ ਔਰਤਾਂ ਅਤੇ ਕਨੂੰਨ ਨਾਲ ਟਕਰਾਅ ਵਿੱਚ ਪਈਆਂ ਔਰਤਾਂ ਵਾਸਤੇ ਸੇਵਾਵਾਂ ਦੇ ਰਹੇ ਹਨ, ਅਤੇ ਹੋਰਨਾਂ ਅਦਾਰਿਆਂ ਦੇ ਪ੍ਰਤੀਨਿਧਾਂ ਵਾਸਤੇ ਵੀ ਕੀਤਾ ਗਿਆ ਸੀ ਜੋ ਹਾਸ਼ੀਏ ਤੋਂ ਬਾਹਰ ਰਹਿ ਰਹੀਆਂ ਔਰਤਾਂ ਵਾਸਤੇ ਸਲਾਹ-ਮਸ਼ਵਰਾ, ਸਹਾਇਤਾ ਜਾਂ ਸੇਵਾਵਾਂ ਪ੍ਰਦਾਨ ਕਰਾ ਰਹੇ ਹਨ। ਇਹ ਟੋਰੰਟੋ ਵਿੱਚ ਸੇਵਾ ਪ੍ਰਦਾਨਕਾਂ ਨਾਲ ਮਿਲਕੇ ਲਗਾਈ ਗਈ ਇੱਕ ਵਰਕਸ਼ਾਪ ’ਤੇ ਆਧਾਰਿਤ ਹੈ।

## ਪਿਛੋਕੜ: HIV ਦੇ ਖੁਲਾਸੇ ਨਾਲ ਸਬੰਧਿਤ ਚੁਣੌਤੀਆਂ

ਔਰਤਾਂ ਉਹਨਾਂ ਲੋਕਾਂ ਦੇ ਇੱਕ ਵਧ ਰਹੇ ਅਨੁਪਾਤ ਦੀ ਪ੍ਰਤੀਨਿਧਤਾ ਕਰਦੀਆਂ ਹਨ ਜੋ ਕੈਨੇਡਾ ਵਿੱਚ HIV ਦੇ ਨਾਲ ਜੀਵਨ ਬਸਰ ਕਰ ਰਹੇ ਹਨ। ਕੈਨੇਡਾ ਵਿੱਚ HIV ਨਾਲ ਜੀਵਨ ਬਸਰ ਕਰ ਰਹੀਆਂ ਔਰਤਾਂ ਦੀ ਇੱਕ ਗੈਰ-ਅਨੁਪਾਤਕ ਸੰਖਿਆ ਆਦਿਵਾਸੀ ਹੈ, ਉਹਨਾਂ ਦੇਸ਼ਾਂ ਤੋਂ ਹੈ ਜਿੱਥੇ HIV ਪੂਰੀ ਜਾਤੀ ਵਿੱਚ ਹੈ (ਵਿਸ਼ੇਸ਼ ਕਰਕੇ ਅਫਰੀਕਾ ਅਤੇ ਕੈਰੀਬੀਅਨ), ਜੋ ਟੀਕੇ ਵਾਲੀਆਂ ਨਸ਼ੀਲੀਆਂ ਦਵਾਈਆਂ ਦੀ ਵਰਤੋਂ ਕਰਦੀਆਂ ਹਨ ਅਤੇ ਜੋ ਜੇਲ੍ਹ ਵਿੱਚ ਹਨ।[1] ਵਿਰੋਧੀ ਲਿੰਗ ਨਾਲ ਜਿਨਸੀ ਸੰਪਰਕ ਅਤੇ ਟੀਕੇ ਵਾਲੀ ਨਸ਼ੀਲੀ ਦਵਾਈ ਦੀ ਵਰਤੋਂ ਔਰਤਾਂ ਵਿੱਚ HIV ਦੀ ਲਾਗ ਵਾਸਤੇ ਦੋ ਮੁੱਖ ਖਤਰੇ ਦੇ ਕਾਰਕ ਹਨ।

ਔਰਤਾਂ ਨੂੰ HIV ਵਾਸਤੇ ਵੰਨ-ਸੁਵੰਨੀਆਂ ਸਥਾਪਨਾਵਾਂ ਵਿੱਚ ਅਤੇ ਵਿਭਿੰਨ ਕਾਰਨਾਂ ਕਰਕੇ ਟੈਸਟ ਕੀਤਾ ਜਾ ਸਕਦਾ ਹੈ। ਉਦਾਹਰਨ ਲਈ, ਕੁਝ ਔਰਤਾਂ ਕਿਸੇ ਸੰਭਾਵੀ ਸੰਪਰਕ ਦੇ ਬਾਅਦ HIV ਟੈਸਟ ਕਰਵਾਉਣ ਦੀ ਮੰਗ ਕਰ ਸਕਦੀਆਂ ਹਨ। ਬੱਚੇ ਦੇ ਜਨਮ ਤੋਂ ਪਹਿਲਾਂ ਦੀ ਸੰਭਾਲ ਦੇ ਭਾਗ ਵਜੋਂ ਗਰਭਵਤੀ ਔਰਤਾਂ ਨੂੰ ਇੱਕ HIV ਟੈਸਟ ਦੀ ਪੇਸ਼ਕਸ਼ ਕੀਤੀ ਜਾਂਦੀ ਹੈ, ਅਤੇ ਕੈਨੇਡਾ ਵਿੱਚ ਸਥਾਈ ਰਿਹਾਇਸ਼ ਵਾਸਤੇ ਅਰਜ਼ੀ ਦੇਣ ਵਾਲੇ ਸਾਰੇ ਵਿਦੇਸ਼ੀ ਨਾਗਰਿਕਾਂ, ਅਤੇ ਨਾਲ ਹੀ ਅਸਥਾਈ ਰਿਹਾਇਸ਼ ਵਾਸਤੇ ਕੁਝ ਵਿਸ਼ੇਸ਼ ਬਿਨੈਕਾਰਾਂ ਤੋਂ ਉਹਨਾਂ ਦੇ ਪ੍ਰਵਾਸ ਨਾਲ ਸਬੰਧਿਤ ਡਾਕਟਰੀ ਜਾਂਚ ਦੇ ਭਾਗ ਵਜੋਂ ਇੱਕ HIV ਟੈਸਟ ਕਰਵਾਉਣਾ ਲੋੜਿਆ ਜਾਂਦਾ ਹੈ, ਇਸ ਤਰ੍ਹਾਂ ਇਹਨਾਂ ਪ੍ਰਕਿਰਿਆਵਾਂ ਦੌਰਾਨ ਕਈ ਔਰਤਾਂ ਨੂੰ ਪਤਾ ਚਲਦਾ ਹੈ ਕਿ ਉਹ HIV-ਪਾਜੇਟਿਵ ਹਨ। HIV ਦੀ ਤਸ਼ਖੀਸ ਹਮੇਸ਼ਾ ਬੇਹੱਦ ਕਸ਼ਟ ਦਾ ਸਰੋਤ ਹੁੰਦੀ ਹੈ ਅਤੇ ਬਹੁਤ ਸਾਰੀਆਂ ਔਰਤਾਂ ਨੂੰ ਸਦਮੇ, ਇਨਕਾਰ, ਹਾਨੀ, ਉਦਾਸੀ, ਡਰ, ਅਲਹਿਦਗੀ, ਗੁੱਸੇ, ਸ਼ਰਮ ਅਤੇ ਚਿੰਤਾ ਦੀਆਂ ਭਾਵਨਾਵਾਂ ਦਾ ਤਜ਼ਰਬਾ ਹੁੰਦਾ ਹੈ।

HIV ਦਾ ਖੁਲਾਸਾ HIV ਨਾਲ ਜੀਵਨ ਬਸਰ ਕਰ ਰਹੀਆਂ ਔਰਤਾਂ ਵਾਸਤੇ ਇੱਕ ਨਿਰੰਤਰ ਪ੍ਰਕਿਰਿਆ ਹੈ ਅਤੇ ਇਸਦੇ ਨਾ ਕੇਵਲ ਵਿਅਕਤੀਗਤ ਔਰਤ ’ਤੇ, ਸਗੋਂ ਉਸਦੇ ਪਰਿਵਾਰ ਅਤੇ ਭਾਈਚਾਰੇ ’ਤੇ ਵੀ ਜਿਕਰਯੋਗ ਪ੍ਰਭਾਵ ਪੈਂਦੇ ਹਨ। ਅਸਰਦਾਰ ਖੁਲਾਸੇ ਦੇ ਕਈ ਸਾਰੇ ਉਸਾਰੂ ਲਾਭ ਹਨ, ਜਿਸ ਵਿੱਚ HIV ਦੇ ਫੈਲਣ ਨੂੰ ਘੱਟ ਕਰਨਾ, ਸਹਾਇਤਾ ਤੱਕ ਪਹੁੰਚ ਵਿੱਚ ਵਾਧਾ ਕਰਨਾ ਅਤੇ ਮਾਨਸਿਕ ਅਤੇ ਸਰੀਰਕ ਸਿਹਤ ਵਿੱਚ ਸੁਧਾਰ ਕਰਨਾ ਸ਼ਾਮਲ ਹਨ।

ਪਰ, ਕਿਉਂਕਿ HIV ਵਿਸ਼ੇਸ਼ ਤੌਰ ’ਤੇ ਕਲੰਕਨੁਮਾ ਬਣਿਆ ਹੋਇਆ ਹੈ ਅਤੇ ਵਿਅਕਤੀਗਤ ਸਿਹਤ ਜਾਣਕਾਰੀ ਨੂੰ ਆਮ ਤੌਰ ’ਤੇ ਨਿੱਜੀ ਸਮਝਿਆ ਜਾਂਦਾ ਹੈ, ਇਸ ਲਈ ਕਈ ਔਰਤਾਂ ਆਪਣੀ HIV ਅਵਸਥਾ ਦਾ ਹੋਰਨਾਂ ਕੋਲ ਖੁਲਾਸਾ ਕਰਨ ਤੋਂ ਸੰਕੋਚ ਕਰਦੀਆਂ ਹਨ। ਕੋਈ ਔਰਤ ਕਈ ਸਾਰੇ ਕਾਰਨਾਂ ਕਰਕੇ ਆਪਣੀ HIV ਅਵਸਥਾ ਦਾ ਖੁਲਾਸਾ ਕਰਨ ਦਾ ਫੈਸਲਾ ਕਰ ਸਕਦੀ ਹੈ, ਜਿਸ ਵਿੱਚ ਸ਼ਾਮਲ ਹਨ ਲੋੜੀਂਦੀਆਂ ਸੇਵਾਵਾਂ ਤੱਕ ਪਹੁੰਚ ਹਾਸਲ ਕਰਨ ਲਈ, ਕਿਸੇ ਜਿਨਸੀ ਭਾਈਵਾਲ ਜਾਂ ਬੱਚੇ ਨੂੰ ਲਾਗ ਲੱਗਣ ਤੋਂ ਰੋਕਣ ਲਈ, HIV ਨਾਲ ਜੀਵਨ ਬਸਰ ਕਰਨ ਦਾ ਪ੍ਰਬੰਧਨ ਕਰਨ ਲਈ ਉਸਨੂੰ ਸਹਾਇਤਾ ਦੀ ਲੋੜ ਹੋਣ ਕਰਕੇ, ਅਜਿਹਾ ਕਰਨ ਲਈ ਕਨੂੰਨੀ ਜਿੰਮੇਵਾਰੀ ਹੋਣ ਕਰਕੇ (ਹੇਠਾਂ ਦੇਖੋ) ਜਾਂ ਬਿਮਾਰੀ ਦੀ ਪ੍ਰਗਤੀ ਦੇ ਚਿੰਨ੍ਹਾਂ ਕਰਕੇ। ਫਿਰ ਵੀ, ਕਿਸੇ ਪਾਜੇਟਿਵ HIV ਤਸ਼ਖੀਸ ਦਾ ਖੁਲਾਸਾ ਕਰਨ ਦੇ ਬਾਅਦ, ਕਈ ਔਰਤਾਂ ਨੂੰ ਉਹਨਾਂ ਦੇ ਭਾਈਵਾਲਾਂ (partners) ਅਤੇ ਹੋਰਨਾਂ ਕੋਲੋਂ ਮਨੋਵਿਗਿਆਨਕ ਅਤੇ ਸਰੀਰਕ ਨੁਕਸਾਨ ਦਾ, ਅਤੇ ਕਾਰਜ-ਸਥਾਨ, ਸਿਹਤ ਸੰਭਾਲ ਸਥਾਪਨਾਵਾਂ ਅਤੇ ਹੋਰ ਸੰਦਰਭਾਂ ਵਿੱਚ ਭੇਦਭਾਵ ਦਾ ਤਜ਼ਰਬਾ ਹੋ ਸਕਦਾ ਹੈ। ਕਈ ਔਰਤਾਂ ਨੂੰ ਬੇਵਫਾਈ, ਤਿਆਗ, ਹਿੰਸਾ,

ਕਲੰਕ ਅਤੇ ਭੇਦਭਾਵ ਦੇ ਦੋਸ਼ਾਂ, ਜਾਂ ਪ੍ਰਵਾਸ ਸਬੰਧੀ ਸਹਾਇਤਾ ਵਾਪਸ ਲਏ ਜਾਣ ਦਾ ਜਾਇਜ਼ ਹੀ ਡਰ ਹੋ ਜਾਂਦਾ ਹੈ ਜੇਕਰ ਉਹ ਆਪਣੀ HIV-ਪਾਜੇਟਿਵ ਅਵਸਥਾ ਜਾਹਰ ਕਰਦੀਆਂ ਹਨ। ਇਸਤੋਂ ਇਲਾਵਾ, ਇੱਕ ਵਾਰ ਜਦ ਕਿਸੇ ਹੋਰ ਵਿਅਕਤੀ ਨੂੰ ਕਿਸੇ ਔਰਤ ਦੀ HIV-ਪਾਜੇਟਿਵ ਅਵਸਥਾ ਬਾਰੇ ਪਤਾ ਚੱਲ ਜਾਂਦਾ ਹੈ, ਤਾਂ ਹੋ ਸਕਦਾ ਹੈ ਉਹ ਇਸਦਾ ਖੁਲਾਸਾ ਹੋਰਨਾਂ ਲੋਕਾਂ ਨੂੰ ਕਰ ਦੇਵੇ, ਅਤੇ ਉਸ ਔਰਤ ਕੋਲੋਂ ਉਸਦੀ ਨਿੱਜੀ ਵਿਅਕਤੀਗਤ ਜਾਣਕਾਰੀ ਦਾ ਕੰਟਰੋਲ ਖੋਹ ਲਵੇ।

ਜਟਿਲਤਾਵਾਂ ਅਤੇ ਖੁਲਾਸੇ ਦੀ ਬੇਹੱਦ ਨਿੱਜੀ ਪ੍ਰਵਿਰਤੀ ਨੂੰ ਦੇਖਦੇ ਹੋਏ, HIV ਨਾਲ ਜੀਵਨ ਬਸਰ ਕਰ ਰਹੀਆਂ ਔਰਤਾਂ ਨੂੰ ਇਹ ਫੈਸਲਾ ਕਰਨ ਲਈ ਸਲਾਹ-ਮਸ਼ਵਰੇ ਅਤੇ ਸਹਾਇਤਾ ਦੀ ਲੋੜ ਪੈ ਸਕਦੀ ਹੈ ਕਿ ਕਦੋਂ, ਕਿਸਨੂੰ ਅਤੇ ਕਿਸ ਤਰ੍ਹਾਂ ਆਪਣੀ HIV ਅਵਸਥਾ ਦਾ ਖੁਲਾਸਾ ਕਰਨਾ ਹੈ ਅਤੇ ਨਾਲ ਹੀ ਖੁਲਾਸੇ ਦੇ ਸੰਭਾਵੀ ਸਿੱਟਿਆਂ ਵਾਸਤੇ ਤਿਆਰੀ ਕਰਨੀ ਹੈ। ਸੇਵਾ ਪ੍ਰਦਾਨਕਾਂ ਨੂੰ ਖੁਲਾਸੇ ਦੀ ਜਟਿਲਤਾ ਪ੍ਰਤੀ ਸੰਵੇਦਨਸ਼ੀਲ ਹੋਣ ਅਤੇ ਇਹ ਸਮਝਣ ਦੀ ਲੋੜ ਹੈ ਕਿ HIV ਨਾਲ ਜੀਵਨ ਬਸਰ ਕਰ ਰਹੀਆਂ ਔਰਤਾਂ ਨੂੰ ਆਪਣੀ HIV ਅਵਸਥਾ ਬਾਰੇ ਖੁੱਲ੍ਹਕੇ ਗੱਲ ਕਰਨ ਦੀ ਲੋੜ ਨਹੀਂ। HIV ਦਾ ਖੁਲਾਸਾ ਸਵੈ-ਇੱਛਤ ਅਤੇ HIV ਦੀ ਰੋਕਥਾਮ, ਇਲਾਜ ਅਤੇ ਸਹਾਇਤਾ ਦੀ ਵਿਸ਼ਾਲ ਰਣਨੀਤੀ ਦਾ ਇੱਕ ਭਾਗ ਹੋਣਾ ਚਾਹੀਦਾ ਹੈ। ਸੇਵਾ ਪ੍ਰਦਾਨਕਾਂ ਨੂੰ ਔਰਤਾਂ ਦੀ ਪਰਦੇਦਾਰੀ ਦਾ ਆਦਰ ਅਤੇ ਰੱਖਿਆ ਕਰਨੀ ਚਾਹੀਦੀ ਹੈ ਅਤੇ HIV-ਸਬੰਧਿਤ ਚੁਣੌਤੀਆਂ ਵਿੱਚ ਸਹਾਇਤਾ ਕਰਨ ਲਈ ਉਚਿਤ ਸਹਾਇਤਾ ਅਤੇ ਸਿਫਾਰਸ਼ਾਂ ਪ੍ਰਦਾਨ ਕਰਾਉਣੀਆਂ ਚਾਹੀਦੀਆਂ ਹਨ।

**ਸਵਾਲ: ਕੈਨੇਡਾ ਵਿੱਚ ਔਰਤਾਂ ਵਾਸਤੇ HIV ਟੈਸਟ ਕਰਵਾਉਣ ਦੀਆਂ ਕਿਹੜੀਆਂ ਚੋਣਾਂ ਉਪਲਬਧ ਹਨ?**

**ਜਵਾਬ:**HIV ਟੈਸਟ ਵੰਨ-ਸੁਵੰਨੀਆਂ ਸਥਾਪਨਾਵਾਂ ਵਿੱਚ ਉਪਲਬਧ ਹਨ, ਜਿੰਨ੍ਹਾਂ ਵਿੱਚ ਡਾਕਟਰਾਂ ਦੇ ਦਫਤਰ ਅਤੇ ਹਸਪਤਾਲ, ਜਿਨਸੀ ਸਿਹਤ ਕਲੀਨਿਕ, ਮਿਡਵਾਈਫਰੀ ਪ੍ਰੈਕਟਿਸਾਂ (midwifery practices) ਅਤੇ ਕੁਝ ਭਾਈਚਾਰਕ ਸੰਸਥਾਵਾਂ ਸ਼ਾਮਲ ਹਨ। ਬੇਨਾਮੀ HIV ਟੈਸਟ ਓਨਟੈਰੀਓ ਵਿੱਚ 50 ਸਥਾਨਾਂ 'ਤੇ ਉਪਲਬਧ ਹਨ (ਦੂਜੇ ਸ਼ਬਦਾਂ ਵਿੱਚ, ਉਸ ਵਿਅਕਤੀ ਦੀ ਪਛਾਣ ਦੀ ਰਿਪੋਰਟ ਜਨਤਕ ਸਿਹਤ ਅਥਾਰਟੀਆਂ ਨੂੰ ਨਹੀਂ ਕੀਤੀ ਜਾਂਦੀ ਜਿੰਨ੍ਹਾਂ ਦੇ HIV ਟੈਸਟ ਦਾ ਨਤੀਜਾ ਪਾਜੇਟਿਵ ਆਉਂਦਾ ਹੈ)। ਜਲਦ HIV ਟੈਸਟਿੰਗ ਓਨਟੈਰੀਓ ਵਿੱਚ 60 ਸਥਾਨਾਂ 'ਤੇ ਉਪਲਬਧ ਹੈ (ਦੂਜੇ ਸ਼ਬਦਾਂ ਵਿੱਚ, ਇੱਕ ਪੁਆਇੰਟ-ਆਫ-ਕੇਅਰ ਟੈਸਟ ਜਿੱਥੇ ਨਤੀਜੇ ਤੁਰੰਤ ਉਪਲਬਧ ਹੁੰਦੇ ਹਨ)।

ਆਪਣੇ ਨੇੜਲੀਆਂ HIV ਟੈਸਟਿੰਗ ਚੋਣਾਂ ਦਾ ਪਤਾ ਕਰਨ ਲਈ, ਓਨਟੈਰੀਓ ਏਡਜ਼ ਹਾਟਲਾਈਨ ਨਾਲ ਸੰਪਰਕ ਕਰੋ (ਟੋਰੰਟੋ: 416-392-2437 ਜਾਂ ਟੌਲ-ਫ੍ਰੀ: 1-800-668-2437).

**ਪ੍ਰ: ਕਿਸੇ ਔਰਤ ਦੀ HIV ਅਵਸਥਾ ਦੇ ਸਬੰਧ ਵਿੱਚ ਉਸਦੀ ਗੁਪਤਤਾ ਦਾ ਆਦਰ ਕਰਨ ਦਾ ਵਿਹਾਰਕ ਰੂਪ ਵਿੱਚ ਕਿਸੇ ਸੇਵਾ ਪ੍ਰਦਾਨਕ ਵਾਸਤੇ ਕੀ ਮਤਲਬ ਹੈ?**

**ਜਵਾਬ:**ਗੁਪਤਤਾ ਸੇਵਾ ਪ੍ਰਦਾਨਕਾਂ ਦੀ ਆਪਣੇ ਮੁਵੱਕਲਾਂ ਦੀ ਪਰਦੇਦਾਰੀ ਦੀ ਰੱਖਿਆ ਕਰਨ ਦੀ ਜਿੰਮੇਵਾਰੀ ਵੱਲ ਸੰਕੇਤ ਕਰਦੀ ਹੈ। ਡਾਕਟਰੀ ਰਿਕਾਰਡਾਂ, ਜਿੰਨ੍ਹਾਂ ਵਿੱਚ HIV ਟੈਸਟ ਦੇ ਨਤੀਜੇ ਵੀ ਸ਼ਾਮਲ ਹਨ ਜਾਂ ਏਥੋਂ ਤੱਕ ਕਿ HIV ਟੈਸਟ ਦੀ ਮੰਗ ਕਰਨ ਦਾ ਤੱਥ ਵੀ, ਲਾਜ਼ਮੀ ਤੌਰ ’ਤੇ ਅਜਿਹੇ ਤਰੀਕਿਆਂ ਨਾਲ ਰੱਖਿਆ ਜਾਣਾ ਚਾਹੀਦਾ ਹੈ ਜੋ ਲੋਕਾਂ ਦੀ ਪਰਦੇਦਾਰੀ ਦੀ ਰੱਖਿਆ ਕਰੇ। ਇਸ ਵਿੱਚ ਟੈਸਟ ਬਾਰੇ ਜਾਣਕਾਰੀ ਨੂੰ ਅਜਿਹੀਆਂ ਫਾਈਲਾਂ ਵਿੱਚ ਸਟੋਰ ਕਰਨਾ ਸ਼ਾਮਲ ਹੈ ਜੋ ਅਣ-ਅਧਿਕਾਰਿਤ ਦੇਖੇ ਜਾਣ ਤੋਂ ਰੱਖਿਅਤ ਕੀਤੀਆਂ ਹੁੰਦੀਆਂ ਹਨ। ਗੁਪਤਤਾ ਦਾ ਦਾਇਰਾ ਉਸ ਸਲਾਹ-ਮਸ਼ਵਰੇ ਤੱਕ ਵੀ ਜਾਂਦਾ ਹੈ ਜੋ HIV ਟੈਸਟਿੰਗ ਦੇ ਨਾਲ ਹੋਣਾ ਚਾਹੀਦਾ ਹੈ ਅਤੇ ਮੁਵੱਕਲ ਨਾਲ ਕਿਸੇ ਵਿਚਾਰ-ਵਟਾਂਦਰਿਆਂ ਤੱਕ ਵੀ ਜਦ ਉਹ ਸੇਵਾਵਾਂ ਤੱਕ ਪਹੁੰਚ ਕਰ ਰਹੇ ਹੋਣ।

ਸੇਵਾ ਦੀ ਕਿਸਮ ਅਤੇ ਮੁਵੱਕਲ ਨਾਲ ਰਿਸ਼ਤੇ ਦੀ ਪ੍ਰਵਿਰਤੀ ’ਤੇ ਨਿਰਭਰ ਕਰਨ ਅਨੁਸਾਰ, ਔਰਤਾਂ ਦੀ ਗੁਪਤਤਾ ਦੀ ਰੱਖਿਆ ਕਰਨ ਲਈ ਵਿਭਿੰਨ ਸਾਵਧਾਨੀਆਂ ਦੀ ਲੋੜ ਪੈ ਸਕਦੀ ਹੈ। ਵਿਹਾਰਕ ਰੂਪ ਵਿੱਚ, ਫਾਈਲਾਂ ਦੀ ਸਾਂਭ-ਸੰਭਾਲ ਕਰਨ ਲਈ ਰਸਮੀ ਪ੍ਰਣਾਲੀਆਂ ਤੋਂ ਅੱਗੇ, ਅਦਾਰਿਆਂ ਨੂੰ ਵਧੇਰੇ ਮੌਲਿਕਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ ਕਿ ਉਹਨਾਂ ਦੇ ਮੁਵੱਕਲਾਂ ਦੀ ਪਰਦੇਦਾਰੀ ਦੀ ਰੱਖਿਆ ਕਰਨ ਵਾਸਤੇ ਕਿਸ ਚੀਜ਼ ਦੀ ਲੋੜ ਹੈ। ਉਦਾਹਰਨ ਲਈ, ਕਿਸੇ ਮੁਵੱਕਲ ਦੀ ਗੁਪਤਤਾ ਦੀ ਰੱਖਿਆ ਕਰਨਾ ਇਹ ਲੋੜ ਸਕਦਾ ਹੈ ਕਿ ਕੋਈ ਸੇਵਾ ਪ੍ਰਦਾਨਕ, ਸਾਧਾਰਨ ਤੌਰ ’ਤੇ ਵੀ, ਮੁਵੱਕਲ ਨਾਲ ਗੱਲ ਨਾ ਕਰੇ ਜੇਕਰ ਉਹ ਦਫਤਰ ਤੋਂ ਬਾਹਰ ਮਿਲਦੇ ਹਨ। ਉਦਾਹਰਨ ਲਈ, ਇਹ ਖੁਲਾਸਾ ਕਰਨ ਦੁਆਰਾ ਕਿ ਔਰਤ ਕਿਸੇ ਸੇਵਾ ਪ੍ਰਦਾਨਕ ਨੂੰ ਜਾਣਦੀ ਹੈ, ਇਸਦਾ ਮਤਲਬ ਇਹ ਹੋ ਸਕਦਾ ਹੈ ਕਿ ਉਸਨੂੰ ਕੋਈ ਵਿਸ਼ੇਸ਼ ਬਿਮਾਰੀ ਹੈ ਜਾਂ ਉਸਨੇ ਕਿਸੇ ਵਿਸ਼ੇਸ਼ ਪ੍ਰੋਗਰਾਮ ਤੱਕ ਪਹੁੰਚ ਕੀਤੀ ਹੈ, ਜਿਵੇਂ ਕਿ ਕੋਈ HIV – ਜਾਂ ਹਿੰਸਾ ਨਾਲ ਸਬੰਧਿਤ ਸਹਾਇਤਾ ਗਰੁੱਪ। ਖਾਸ ਕਰਕੇ ਸ਼ੋਸ਼ਣਕਾਰੀ ਜਾਂ ਨਿਰਭਰ ਰਿਸ਼ਤਿਆਂ ਵਿਚਲੀਆਂ ਔਰਤਾਂ ਵਾਸਤੇ ਅਤੇ ਇੱਕਮਿੱਕ ਹੋਕੇ ਰਹਿਣ ਵਾਲੇ ਭਾਈਚਾਰਿਆਂ ਵਿਚਲੀਆਂ ਔਰਤਾਂ ਵਾਸਤੇ, ਗੁਪਤਤਾ ਬੇਹੱਦ ਮਹੱਤਵਪੂਰਨ ਹੈ ਅਤੇ ਏਥੋਂ ਤੱਕ ਕਿ ਗੁਪਤਤਾ ਦੀਆਂ ਛੋਟੀਆਂ-ਮੋਟੀਆਂ ਉਲੰਘਣਾਵਾਂ ਦੇ ਵੀ ਗੰਭੀਰ ਸਿੱਟੇ ਨਿਕਲ ਸਕਦੇ ਹਨ।

**ਪ੍ਰ: ਕੀ ਕੋਈ ਸੇਵਾ ਪ੍ਰਦਾਨਕ ਕਿਸੇ ਮੁਵੱਕਲ ਨੂੰ ਪੁੱਛ ਸਕਦਾ ਹੈ ਕਿ ਕੀ ਉਸਨੂੰ ਕੋਈ ਛੂਤ ਦੀਆਂ ਬਿਮਾਰੀਆਂ ਹਨ, ਜਿਵੇਂ ਕਿ HIV?**

**ਜਵਾਬ:**ਇੱਕ ਆਮ ਸਿਧਾਂਤ ਵਜੋਂ,*ਕੇਵਲ ਉਹੀ ਜਾਣਕਾਰੀ ਇਕੱਤਰ ਕਰੋ ਜੋ ਤੁਹਾਡੇ ਵੱਲੋਂ ਪ੍ਰਦਾਨ ਕੀਤੀ ਜਾ ਰਹੀ ਜਾਣਕਾਰੀ ਨਾਲ ਸਬੰਧਿਤ ਹੈਅਤੇ ਇਸਨੂੰ ਉਸੇ ਮਕਸਦ ਵਾਸਤੇ ਵਰਤੋ ਜਿਸ ਵਾਸਤੇ ਇਹ ਇਕੱਤਰ ਕੀਤੀ ਗਈ ਸੀ।* HIV ਸਾਧਾਰਨ ਸੰਪਰਕ ਰਾਹੀਂ ਨਹੀਂ ਫੈਲਦਾ ਅਤੇ ਇਸ ਕਰਕੇ HIV ਦੀ ਅਵਸਥਾ ਜ਼ਿਆਦਾਤਰ ਸੇਵਾਵਾਂ ਦੀ ਸੁਵਿਧਾ ਵਿੱਚ ਕੋਈ ਸਬੰਧਿਤ ਕਾਰਕ ਨਹੀਂ ਹੈ। ਜੇ ਇਹ ਕੋਈ ਸਬੰਧਿਤ ਜਾਣਕਾਰੀ ਨਹੀਂ ਹੈ, ਤਾਂ ਸੇਵਾ ਪ੍ਰਦਾਨਕਾਂ ਨੂੰ ਆਪਣੇ ਮੁਵੱਕਲਾਂ ਕੋਲੋਂ ਉਸ ਜਾਣਕਾਰੀ ਦੀ ਬੇਨਤੀ ਨਹੀਂ ਕਰਨੀ ਚਾਹੀਦੀ।

ਇਸਤੋਂ ਇਲਾਵਾ, ਜੇ ਕਿਸੇ ਸੇਵਾ ਪ੍ਰਦਾਨਕ ਨੂੰ ਕਿਸੇ ਔਰਤ ਦੀ HIV ਅਵਸਥਾ ਬਾਰੇ ਪਤਾ ਚੱਲ ਜਾਂਦਾ ਹੈ (ਉਦਾਹਰਨ ਲਈ, ਉਸ ਵੱਲੋਂ ਲਈਆਂ ਜਾ ਰਹੀਆਂ ਦਵਾਈਆਂ ਕਰਕੇ ਜਾਂ ਇਸ ਕਰਕੇ ਕਿ ਉਸਨੇ ਆਪਣੀ ਮਰਜ਼ੀ ਨਾਲ ਉਹ ਜਾਣਕਾਰੀ ਦੇ ਦਿੱਤੀ ਹੈ), ਤਾਂ ਉਸ ਜਾਣਕਾਰੀ ਨਾਲ ਲਾਜ਼ਮੀ ਤੌਰ ’ਤੇ ਗੁਪਤ ਤਰੀਕੇ ਨਾਲ ਵਿਵਹਾਰ ਕਰਨਾ ਚਾਹੀਦਾ ਹੈ।

**ਪ੍ਰ: HIV ਨਾਲ ਜੀਵਨ ਬਸਰ ਕਰ ਰਹੀਆਂ ਔਰਤਾਂ ਨੂੰ ਆਪਣੀ HIV-ਪਾਜੇਟਿਵ ਅਵਸਥਾ ਦਾ ਖੁਲਾਸਾ ਕਦੋਂ ਕਰਨ ਦੀ ਲੋੜ ਹੁੰਦੀ ਹੈ?**

**ਜਵਾਬ:** ਕੈਨੇਡੀਅਨ ਅਪਰਾਧਕ ਕਨੂੰਨ ਤਹਿਤ, HIV ਨਾਲ ਜੀਵਨ ਬਸਰ ਕਰ ਰਹੇ ਲੋਕਾਂ ਕੋਲੋਂ ਲੋੜਿਆ ਜਾਂਦਾ ਹੈ ਕਿ ਉਹ ਕਿਸੇ ਵੀ ਅਜਿਹੀ ਕਿਰਿਆ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਆਪਣੀ HIV-ਪਾਜੇਟਿਵ ਅਵਸਥਾ ਦਾ ਖੁਲਾਸਾ ਕਰਨ ਜੋ ‘ਗੰਭੀਰ ਸਰੀਰਕ ਨੁਕਸਾਨ ਦਾ ਜਿਕਰਯੋਗ ਖਤਰਾ’ ਖੜ੍ਹਾ ਕਰਦੀ ਹੈ। ਅਦਾਲਤਾਂ ਨੇ ਇਸਦਾ ਮਤਲਬ ਇਹ ਹੋਣਾ ਕੱਢਿਆ ਹੈ ਕਿ HIV ਨਾਲ ਜੀਵਨ ਬਸਰ ਕਰ ਰਹੇ ਲੋਕਾਂ ਵਾਸਤੇ ਆਪਣੇ ਜਿਨਸੀ ਭਾਈਵਾਲਾਂ (sexual partners) ਨੂੰ ਅਜਿਹਾ ਸੰਭੋਗ (sex) ਕਰਨ ਤੋਂ ਪਹਿਲਾਂ ਆਪਣੀ HIV-ਪਾਜੇਟਿਵ ਅਵਸਥਾ ਬਾਰੇ ਦੱਸਣਾ ਲਾਜ਼ਮੀ ਹੈ ਜੋ HIV ਫੈਲਣ ਦਾ “ਜਿਕਰਯੋਗ ਖਤਰਾ” ਖੜ੍ਹਾ ਕਰਦਾ ਹੈ। ਹਾਲਾਂਕਿ ਇਹ ਮਿਆਰ ਅਸਪੱਸ਼ਟ ਹੈ ਅਤੇ ਅਦਾਲਤਾਂ ਕੇਸ-ਦਰ-ਕੇਸ ਨਿਰਣੇ ਕਰਦੀਆਂ ਹਨ, ਪਰ ਜ਼ਿਆਦਾ ਕਰਕੇ ਇਸਦਾ ਇਹ ਮਤਲਬ ਹੋਣਾ ਕੱਢਿਆ ਗਿਆ ਹੈ ਕਿ HIV ਨਾਲ ਜੀਵਨ ਬਸਰ ਕਰ ਰਹੇ ਲੋਕਾਂ ਵਾਸਤੇ ਯੋਨੀ ਜਾਂ ਗੁਦਾ ਰਾਹੀਂ ਗੈਰ-ਸੁਰੱਖਿਅਤ ਸੰਭੋਗ ਕਰਨ ਤੋਂ ਪਹਿਲਾਂ ਆਪਣੇ ਜਿਨਸੀ ਭਾਈਵਾਲਾਂ ਕੋਲ ਖੁਲਾਸਾ ਕਰਨਾ ਲਾਜ਼ਮੀ ਹੈ।[2] ਜੇ HIV ਨਾਲ ਜੀਵਨ ਬਸਰ ਕਰ ਰਿਹਾ ਕੋਈ ਵਿਅਕਤੀ ਇਹਨਾਂ ਹਾਲਾਤਾਂ ਵਿੱਚ ਖੁਲਾਸਾ ਨਹੀਂ ਕਰਦਾ, ਤਾਂ ਉਸਨੂੰ ਗੰਭੀਰ ਅਪਰਾਧਕ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਜਿਨਸੀ ਸੰਦਰਭ ਤੋਂ ਬਾਹਰ, HIV ਨਾਲ ਜੀਵਨ ਬਸਰ ਕਰ ਰਹੇ ਲੋਕਾਂ ਨੂੰ ਕਨੂੰਨੀ ਤੌਰ ’ਤੇ ਕਦੇ-ਕਦਾਈਂ ਹੀ ਆਪਣੀ HIV-ਪਾਜੇਟਿਵ ਅਵਸਥਾ ਦਾ ਖੁਲਾਸਾ ਕਰਨ ਦੀ ਲੋੜ ਹੁੰਦੀ ਹੈ। ਹਾਲਾਂਕਿ ਕਈ ਲੋਕ ਵਿਭਿੰਨ ਹਾਲਾਤਾਂ ਵਿੱਚ ਖੁਲਾਸਾ ਕਰਨ ਦੀ ਚੋਣ ਕਰਦੇ ਹਨ, ਪਰ HIV ਨਾਲ ਜੀਵਨ ਬਸਰ ਕਰ ਰਹੀ ਕਿਸੇ ਔਰਤ ਨੂੰ, ਜ਼ਿਆਦਾਤਰ ਹਾਲਤਾਂ ਵਿੱਚ ਆਪਣੀ HIV-ਪਾਜੇਟਿਵ ਅਵਸਥਾ ਦਾ ਖੁਲਾਸਾ ਆਪਣੇ ਰੁਜ਼ਗਾਰਦਾਤਾ, ਗੁਆਂਢੀਆਂ, ਬੱਚਿਆਂ, ਅਧਿਆਪਕਾਂ ਜਾਂ ਸੇਵਾ ਪ੍ਰਦਾਨਕਾਂ ਕੋਲ ਕਰਨ ਦੀ ਲੋੜ ਨਹੀਂ ਹੁੰਦੀ।

**ਪ੍ਰ: ਜੇ ਸਾਨੂੰ ਪਤਾ ਚੱਲਦਾ ਹੈ ਕਿ HIV ਨਾਲ ਜੀਵਨ ਬਸਰ ਕਰ ਰਹੀ ਕੋਈ ਔਰਤ ਕਿਸੇ ਹੋਰ ਨੂੰ HIV ਦੀ ਲਾਗ ਦੇ ਖਤਰੇ ਵਿੱਚ ਪਾ ਰਹੀ ਹੋ ਸਕਦੀ ਹੈ (ਉਦਾਹਰਨ ਲਈ ਕਿਸੇ ਅਜਿਹੇ ਵਿਅਕਤੀ ਨਾਲ ਗੈਰ-ਸੁਰੱਖਿਅਤ ਸੰਭੋਗ ਰਾਹੀਂ ਜਿਸਨੂੰ ਉਸਦੀ HIV-ਪਾਜੇਟਿਵ ਅਵਸਥਾ ਬਾਰੇ ਪਤਾ ਨਹੀਂ ਹੈ), ਤਾਂ ਕੀ ਖਤਰੇ ਨੂੰ ਦਰਪੇਸ਼ ਵਿਅਕਤੀ ਨੂੰ ਚੇਤਾਵਨੀ ਦੇਣ ਲਈ ਅਸੀਂ ਔਰਤ ਦੀ ਪਰਦੇਦਾਰੀ ਦੀ ਉਲੰਘਣਾ ਕਰ ਸਕਦੇ ਹਾਂ?**

**ਜਵਾਬ:**ਕਨੂੰਨੀ ਤੌਰ 'ਤੇ ਬੋਲਦੇ ਹੋਏ, ਇਸਦਾ ਕੋਈ ਆਸਾਨ ਜਵਾਬ ਨਹੀਂ ਹੈ। ਜਿਵੇਂ ਕੈਨੇਡਾ ਵਿੱਚ ਕਨੂੰਨ ਸਥਾਪਤ ਹੈ, ਇਹ ਅਸਪੱਸ਼ਟ ਹੈ ਕਿ ਕੀ ਕਿਸੇ ਹੋਰ ਵਿਅਕਤੀ ਨੂੰ ਨੁਕਸਾਨ ਤੋਂ ਬਚਾਉਣ ਲਈ ਗੁਪਤ ਜਾਣਕਾਰੀ ਦਾ ਖੁਲਾਸਾ ਕਰਨਾ ਕਿਸੇ ਸੇਵਾ ਪ੍ਰਦਾਨਕ ਦਾ ਕਨੂੰਨੀ ਕਰੱਤਵ ਹੋ ਸਕਦਾ ਹੈ। [3]ਕਨੂੰਨ ਵਿੱਚ ਜਿਹੜੀ ਚੀਜ਼ ਸਪੱਸ਼ਟ ਰੂਪ ਵਿੱਚ ਸਥਾਪਤ ਹੈ ਉਹ ਇਹ ਹੈ ਕਿ ਕਿਸੇ ਹੋਰ ਵਿਅਕਤੀ ਨੂੰ ਨੁਕਸਾਨ ਤੋਂ ਬਚਾਉਣ ਲਈ ਸੇਵਾ ਪ੍ਰਦਾਨਕਾਂ ਕੋਲ ਗੁਪਤ ਜਾਣਕਾਰੀ ਦਾ ਖੁਲਾਸਾ ਕਰਨ ਦਾ *ਅਖਤਿਆਰ*ਹੁੰਦਾ ਹੈ *ਜਿੱਥੇ ਕਿਸੇ ਪਛਾਣਨਯੋਗ ਵਿਅਕਤੀ ਵਿਸ਼ੇਸ਼ ਜਾਂ ਗਰੁੱਪ ਨੂੰ ਮੌਤ ਜਾਂ ਗੰਭੀਰ ਸਰੀਰਕ ਨੁਕਸਾਨ ਦਾ ਤੁਰੰਤ ਖਤਰਾ ਹੋਵੇ*।

*ਨਿੱਜੀ ਸਿਹਤ ਜਾਣਕਾਰੀ ਸੁਰੱਖਿਆ ਕਨੂੰਨ* (Personal Health Information Protection Act - PHIPA), ਓਨਟੈਰੀਓ ਦਾ ਪਰਦੇਦਾਰੀ ਬਾਰੇ ਵਿਧਾਨ, ਉਹਨਾਂ ਲੋਕਾਂ 'ਤੇ ਲਾਗੂ ਹੁੰਦਾ ਹੈ ਜੋ ਕਿਸੇ "ਸਿਹਤ ਜਾਣਕਾਰੀ ਦੇ ਰਖਵਾਲੇ" ਦੀ ਪਰਿਭਾਸ਼ਾ ਦੀ ਪੂਰਤੀ ਕਰਦੇ ਹਨ।[4]PHIPA ਸਿਹਤ ਜਾਣਕਾਰੀ ਦੇ ਰਖਵਾਲਿਆਂ ਨੂੰ, HIV ਦੇ ਖਤਰੇ ਤੋਂ ਕਿਸੇ ਹੋਰ ਵਿਅਕਤੀ ਨੂੰ ਸੂਚਿਤ ਕਰਨ ਲਈ, ਪਰਦੇਦਾਰੀ ਦੀ ਉਲੰਘਣਾ ਕਰਨ ਵਾਸਤੇ, ਜਾਂ ਪਰਦੇਦਾਰੀ ਦੀ ਉਲੰਘਣਾ ਨਾ ਕਰਨ ਦਾ ਫੈਸਲਾ ਕਰਨ ਲਈ ਦੇਣਦਾਰੀ ਤੋਂ ਮੁਕਤ ਕਰਦਾ ਹੈ ਜਦ *ਦਿੱਤੇ ਗਏ ਹਾਲਾਤਾਂ ਵਿੱਚ ਇਹ ਵਾਜਬ ਹੈ*ਅਤੇ *ਨੇਕ ਨੀਅਤ ਨਾਲ ਕੀਤਾ ਜਾਂਦਾ ਹੈ*। PHIPA ਦੀਆਂ ਵਿਵਸਥਾਵਾਂ ਉਸ ਚੀਜ਼ ਦੀ ਝਲਕ ਦਿੰਦੀਆਂ ਹਨ ਜਿਸਨੂੰ "ਕਾਮਨ ਲਾਅ" ਵਿੱਚ ਸਥਾਪਤ ਕੀਤਾ ਗਿਆ ਹੈ ਅਤੇ ਇਸ ਕਰਕੇ ਇਹੋ ਜਿਹਾ ਢਾਂਚਾ ਸੰਭਵ ਤੌਰ 'ਤੇ ਸੇਵਾ ਪ੍ਰਦਾਨਕਾਂ 'ਤੇ ਵੀ ਲਾਗੂ ਹੁੰਦਾ ਹੈ ਜਿੰਨ੍ਹਾਂ ਨੂੰ PHIPA ਦੁਆਰਾ ਕਵਰ ਨਹੀਂ ਕੀਤਾ ਜਾਂਦਾ।

ਮਤੇ ਅਜਿਹੀ ਕੋਈ ਪ੍ਰਸਥਿਤੀ ਕਦੇ ਖੜ੍ਹੀ ਹੋ ਜਾਵੇ, ਇਸ ਲਈ ਇਹ ਸਲਾਹ ਦੇਣਯੋਗ ਹੈ ਕਿ ਅਦਾਰੇ ਰਿਕਾਰਡ-ਰੱਖਣ ਅਤੇ ਫੈਸਲਾ ਕਰਨ ਦੀ ਪ੍ਰਕਿਰਿਆ ਦੇ ਸਬੰਧ ਵਿੱਚ ਅਮਲੇ ਅਤੇ ਸਵੈਸੇਵੀਆਂ ਵਾਸਤੇ ਕਿਸੇ ਨੀਤੀ ਜਾਂ ਸੇਧਾਂ ਦਾ ਵਿਕਾਸ ਕਰਨ।

ਜੇ ਕੋਈ ਸੇਵਾ ਪ੍ਰਦਾਨਕ HIV ਦੀ ਲਾਗ ਦੇ ਖਤਰੇ ਨੂੰ ਦਰਪੇਸ਼ ਕਿਸੇ ਵਿਅਕਤੀ ਨੂੰ ਬਚਾਉਣ ਲਈ ਕਾਰਵਾਈ ਕਰਨ ਦਾ ਫੈਸਲਾ ਕਰਦਾ ਹੈ, ਤਾਂ ਸੇਵਾ ਪ੍ਰਦਾਨਕ ਨੂੰ ਪੁਲਿਸ ਕੋਲ ਜਾਣ ਦੀ ਲੋੜ ਨਹੀਂ ਹੈ, ਅਤੇ ਉਸਨੂੰ ਅਜਿਹਾ ਕਰਨ ਤੋਂ ਸੰਕੋਚਵਾਨ ਹੋਣਾ ਚਾਹੀਦਾ ਹੈ, ਜਦ ਤੱਕ ਕਿ ਕਿਸੇ ਵਿਸ਼ੇਸ਼, ਅਪਵਾਦੀ ਪ੍ਰਸਥਿਤੀ ਵਿੱਚ ਅਜਿਹਾ ਕਰਨਾ ਪੂਰੀ ਤਰ੍ਹਾਂ ਜ਼ਰੂਰੀ ਨਾ ਹੋ ਜਾਵੇ। (ਕਿਸੇ ਬੱਚੇ ਦੇ "ਸੁਰੱਖਿਆ ਦੀ ਲੋੜ ਵਿੱਚ" ਹੋਣ ਦੀ ਸੂਰਤ ਵਿੱਚ, ਬਾਲ ਭਲਾਈ ਕਨੂੰਨ ਤਹਿਤ ਸਲਾਹਕਾਰਾਂ (counsellors) ਦਾ ਕਰੱਤਵ ਹੁੰਦਾ ਹੈ ਕਿ ਉਹ ਪ੍ਰਸਥਿਤੀ ਦੀ ਰਿਪੋਰਟ ਬਾਲ ਸੁਰੱਖਿਆ ਅਥਾਰਟੀਆਂ ਨੂੰ ਕਰਨ।)

ਕੋਈ ਸੇਵਾ ਪ੍ਰਦਾਨਕ ਜੋ ਖਤਰੇ ਨੂੰ ਦਰਪੇਸ਼ ਵਿਅਕਤੀ ਦੇ ਸੰਪਰਕ ਵਿੱਚ ਹੈ, ਉਸ ਵਿਅਕਤੀ ਨਾਲ HIV, ਇਹ ਕਿਸ ਤਰ੍ਹਾਂ ਫੈਲਦਾ ਹੈ ਅਤੇ ਸੁਰੱਖਿਅਤ ਸੰਭੋਗ ਕਰਨਾ (ਜਾਂ ਕੀਟਾਣੂੰ-ਰਹਿਤ ਟੀਕੇ ਦੇ ਸਾਜ਼ੋ-ਸਮਾਨ ਦੀ ਵਰਤੋਂ ਕਰਨਾ) ਅਤੇ HIV ਵਾਸਤੇ ਟੈਸਟ ਕਰਵਾਉਣਾ ਮਹੱਤਵਪੂਰਨ ਕਿਉਂ ਹੈ, ਬਾਬਤ ਆਮ ਵਿਚਾਰ-ਵਟਾਂਦਰਾ ਕਰਨ ਦੇ ਯੋਗ ਹੋ ਸਕਦਾ ਹੈ, ਤਾਂ ਜੋ ਮੁਵੱਕਲ ਦੀ ਗੁਪਤਤਾ ਦੀ ਉਲੰਘਣਾ ਕਰਨ ਤੋਂ ਬਗੈਰ ਸੰਭਾਵੀ ਸੰਪਰਕ ਬਾਰੇ ਉਸ ਵਿਅਕਤੀ ਦੀ ਜਾਗੁਰਕਤਾ ਨੂੰ ਜਗਾਇਆ ਜਾ ਸਕੇ। ਇੱਕ ਹੋਰ ਵਿਕਲਪ ਹੋ ਸਕਦਾ ਹੈ ਕਿ ਜਨਤਕ ਸਿਹਤ ਅਥਾਰਟੀਆਂ ਨੂੰ ਸੁਚੇਤ ਕੀਤਾ ਜਾਵੇ, ਜੋ ਸੰਪਰਕ ਦੇ ਸੰਭਾਵੀ ਸਰੋਤ ਦੀ ਪਛਾਣ ਜਾਹਰ ਕਰਨ ਤੋਂ ਬਿਨਾਂ ਖਤਰੇ ਨੂੰ ਦਰਪੇਸ਼ ਵਿਅਕਤੀ ਨਾਲ ਸੰਪਰਕ ਕਰ ਸਕਦੀਆਂ ਹਨ।

ਜੇ ਕਿਸੇ ਹੋਰ ਵਿਅਕਤੀ ਦੀ ਰੱਖਿਆ ਕਰਨ ਲਈ ਕੋਈ ਸੇਵਾ ਪ੍ਰਦਾਨਕ ਗੁਪਤਤਾ ਦੀ ਉਲੰਘਣਾ ਕਰਨ ਦਾ ਫੈਸਲਾ ਕਰਦਾ ਹੈ, ਤਾਂ ਗੁਪਤ ਜਾਣਕਾਰੀ ਦਾ ਖੁਲਾਸਾ ਵੱਧ ਤੋਂ ਵੱਧ ਸੰਭਵ ਹੱਦ ਤੱਕ ਸੀਮਤ ਹੋਣਾ ਚਾਹੀਦਾ ਹੈ ਤਾਂ ਜੋ ਮੁਵੱਕਲ ਦੀ ਗੁਪਤਤਾ ਦੀ ਰੱਖਿਆ ਕੀਤੀ ਜਾ ਸਕੇ (ਉਦਾਹਰਨ ਲਈ ਕਿਸੇ ਵਿਅਕਤੀ ਨੂੰ ਬਿਨਾਂ ਇਹ ਦੱਸਿਆ ਕਿ ਉਹ ਕਿਸ ਦੇ ਰਾਹੀਂ ਸੰਪਰਕ ਵਿੱਚ ਆਏ ਹੋ ਸਕਦੇ ਹਨ, ਜਿਨਸੀ ਤਰੀਕੇ ਨਾਲ ਫੈਲਣ ਵਾਲੀਆਂ ਲਾਗਾਂ ਵਾਸਤੇ ਟੈਸਟ ਕਰਵਾਉਣ ਲਈ ਸਲਾਹ ਦਿੱਤੀ ਜਾ ਸਕਦੀ ਹੈ)। ਸੇਵਾ ਪ੍ਰਦਾਨਕ ਨੂੰ ਆਪਣੇ ਫੈਸਲੇ ਵਾਸਤੇ ਕਾਰਨਾਂ ਨੂੰ ਰਿਕਾਰਡ ਕਰਨਾ ਚਾਹੀਦਾ ਹੈ ਅਤੇ ਮੁਵੱਕਲ ਨੂੰ ਵੀ ਕੀਤੀ ਗਈ ਕਾਰਵਾਈ ਵਾਸਤੇ ਸੂਚਿਤ ਕਰਨਾ ਚਾਹੀਦਾ ਹੈ।

**ਪ੍ਰ: ਜੇ ਪੁਲਿਸ ਕਿਸੇ ਮੁਵੱਕਲ ਬਾਬਤ ਸਾਡੇ ਗੁਪਤ ਰਿਕਾਰਡਾਂ ਦੀਆਂ ਨਕਲਾਂ ਵਾਸਤੇ ਪੁੱਛਦੀ ਹੈ ਤਾਂ ਸਾਨੂੰ ਕੀ ਕਰਨਾ ਚਾਹੀਦਾ ਹੈ?**

**ਜਵਾਬ:**ਤੁਹਾਨੂੰ ਪੁਲਿਸ ਨੂੰ ਜਾਣਕਾਰੀ ਪ੍ਰਦਾਨ ਕਰਾਉਣ ਦੀ ਲੋੜ ਤਾਂ ਹੀ ਹੈ ਜੇਕਰ ਉਹ ਕੋਈ ਵੈਧ ਤਲਾਸ਼ੀ ਵਰੰਟ ਪੇਸ਼ ਕਰਦੇ ਹਨ। ਜੇ ਉਹ ਕੋਈ ਵੈਧ ਤਲਾਸ਼ੀ ਵਰੰਟ ਪੇਸ਼ ਕਰਦੇ ਹਨ ਤਾਂ ਤੁਸੀਂ ਤਲਾਸ਼ੀ ਵਰੰਟ ਉੱਤੇ ਬੇਨਤੀ ਕੀਤੀ ਵਿਸ਼ੇਸ਼ ਜਾਣਕਾਰੀ ਉਹਨਾਂ ਨੂੰ ਪ੍ਰਦਾਨ ਕਰਾਉਣ ਲਈ ਕਨੂੰਨੀ ਤੌਰ ’ਤੇ ਪਾਬੰਦ ਹੋ, ਪਰ ਹੋਰ ਕੁਝ ਵੀ ਨਹੀਂ।

ਬੇਨਤੀ ਕੀਤੇ ਦਸਤਾਵੇਜ਼ਾਂ (ਪ੍ਰਿੰਟ-ਨਕਲਾਂ ਜਾਂ ਇਲੈਕਟਰਾਨਿਕ, ਜਿਵੇਂ ਵੀ ਉਚਿਤ ਹੋਵੇ) ਨੂੰ ਇੱਕ ਸੀਲਬੰਦ ਲਿਫਾਫੇ ਜਾਂ ਬਕਸੇ ਵਿੱਚ ਪਾਉਣ ਦੁਆਰਾ ਤੁਸੀਂ ਆਪਣੇ ਮੁਵੱਕਲ ਦੀ ਜਾਣਕਾਰੀ ਦੀ ਗੁਪਤਤਾ ਦੀ ਰੱਖਿਆ ਕਰਨ ਦੀ ਕੋਸ਼ਿਸ਼ ਕਰ ਸਕਦੇ ਹੋ। ਇਸ ਉੱਤੇ ਇਹ ਲੇਬਲ: “Do not open. Confidential information. Privilege asserted.” ਪੁਲਿਸ ਨੂੰ ਦਿੱਤੇ ਜਾਣ ਤੋਂ ਪਹਿਲਾਂ ਲਗਾਓ। ਆਪਣੇ ਖੁਦ ਦੇ ਵਕੀਲ ਨਾਲ ਸੰਪਰਕ ਕਰੋ ਅਤੇ ਜਿੰਨੀ ਜਲਦੀ ਸੰਭਵ ਹੋਵੇ ਮੁਵੱਕਲ ਨੂੰ ਸੂਚਿਤ ਕਰੋ।

**ਪ੍ਰ: HIV ਨਾਲ ਜੀਵਨ ਬਸਰ ਕਰ ਰਹੀ ਕੋਈ ਔਰਤ ਆਪਣੀ HIV-ਪਾਜ਼ੇਟਿਵ ਅਵਸਥਾ ਨੂੰ ਆਪਣੀ ਡਾਕਟਰੀ ਫਾਈਲ ਵਿੱਚ ਸ਼ਾਮਲ ਕੀਤੇ ਜਾਣ ਤੋਂ ਕਿਵੇਂ ਰੋਕ ਸਕਦੀ ਹੈ (ਉਦਾਹਰਨ ਲਈ, ਜੇਕਰ ਉਸਦਾ ਡਾਕਟਰ ਉਸਨੂੰ ਕਿਸੇ ਵਿਸ਼ੇਸ਼ ਮਾਹਰ ਕੋਲ ਭੇਜ ਰਿਹਾ ਹੈ)?**

**ਜਵਾਬ:**ਓਨਟੈਰੀਓ ਵਿੱਚ, *ਨਿੱਜੀ ਸਿਹਤ ਜਾਣਕਾਰੀ ਸੁਰੱਖਿਆ ਕਨੂੰਨ* (PHIPA) ਵਿੱਚ ਕਈ ਸਾਰੀਆਂ ਮਰੀਜ਼ ਪਰਦੇਦਾਰੀ ਸੁਰੱਖਿਆਵਾਂ ਹਨ, ਜਿਸ ਵਿੱਚ ਇੱਕ ਕਥਿਤ "ਲਾਕ ਬਾਕਸ" ਵਿਵਸਥਾ ਵੀ ਹੈ। ਇਹ ਵਿਵਸਥਾ ਕਿਸੇ ਮਰੀਜ਼ ਨੂੰ ਆਪਣੇ ਸਿਹਤ ਸੰਭਾਲ ਪ੍ਰਦਾਨਕਾਂ ਨੂੰ ਮਰੀਜ਼ ਦੀ HIV-ਪਾਜ਼ੇਟਿਵ ਅਵਸਥਾ ਬਾਰੇ ਹੋਰਨਾਂ ਕੋਲ ਖੁਲਾਸਾ ਕਰਨ ਤੋਂ ਇਹ ਕਹਿੰਦੇ ਹੋਏ ਮਨ੍ਹਾ ਕਰਦੀ ਹੈ "ਮੈਂ ਨਹੀਂ ਚਾਹੁੰਦਾ/ਦੀ ਕਿ ਤੁਸੀਂ ਕਿਸੇ ਨੂੰ ਦੱਸੋਂ ਕਿ ਮੈਂ HIV-ਪਾਜ਼ੇਟਿਵ ਹਾਂ"। ਉਦਾਹਰਨ ਲਈ, ਕਿਸੇ ਵਿਸ਼ੇਸ਼ ਮਾਹਰ ਕੋਲ ਭੇਜਦੇ ਸਮੇਂ, ਡਾਕਟਰ ਨੂੰ ਮਰੀਜ਼ ਦੀ HIV ਅਵਸਥਾ ਦਾ ਖੁਲਾਸਾ ਵਿਸ਼ੇਸ਼ ਮਾਹਰ ਕੋਲ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। (ਨੋਟ ਕਰੋ ਕਿ ਕੁਝ ਕੁ ਅਪਵਾਦ ਹਨ ਜਿੱਥੇ ਸਿਹਤ ਸੰਭਾਲ ਪ੍ਰਦਾਨਕ ਅਜੇ ਵੀ ਮਰੀਜ਼ ਦੀ HIV-ਪਾਜ਼ੇਟਿਵ ਅਵਸਥਾ ਦਾ ਖੁਲਾਸਾ ਕਰਨ ਦੇ ਯੋਗ ਹੋਵੇਗਾ।)

ਪਰ, ਜੇਕਰ ਸਿਹਤ ਸੰਭਾਲ ਪ੍ਰਦਾਨਕ ਵਾਜਬ ਤੌਰ 'ਤੇ ਵਿਸ਼ਵਾਸ ਕਰਦਾ ਹੈ ਕਿ ਮਰੀਜ਼ ਦੀ HIV-ਪਾਜ਼ੇਟਿਵ ਅਵਸਥਾ (ਜਾਂ "ਲਾਕ ਬਾਕਸ" ਦੁਆਰਾ ਰੱਖਿਅਤ ਕੀਤੀ ਹੋਰ ਜਾਣਕਾਰੀ) ਦਾ ਕਿਸੇ ਹੋਰ ਸਿਹਤ ਸੰਭਾਲ ਪ੍ਰਦਾਨਕ ਕੋਲ ਖੁਲਾਸਾ ਕਰਨਾ ਮਰੀਜ਼ ਦੀ ਸਿਹਤ ਸੰਭਾਲ ਦੀ ਵਿਵਸਥਾ ਵਾਸਤੇ ਮਹੱਤਵਪੂਰਨ ਹੈ, ਤਾਂ ਸਿਹਤ ਸੰਭਾਲ ਪ੍ਰਦਾਨਕ ਇਸ ਜਾਣਕਾਰੀ ਦਾ ਖੁਲਾਸਾ ਨਹੀਂ ਕਰ ਸਕਦਾ, ਪਰ ਉਸਨੂੰ ਕੁਝ ਇਸ ਤਰ੍ਹਾਂ ਕਹਿਣ ਦੀ ਇਜਾਜ਼ਤ ਹੈ "ਕੁਝ ਜਾਣਕਾਰੀ ਹੈ ਜਿਸਨੂੰ ਮੈਂ ਇਸ ਮਰੀਜ਼ ਦਾ ਇਲਾਜ ਕਰਨ ਵਾਸਤੇ ਤੁਹਾਡੇ ਕੋਲ ਹੋਣਾ ਵਾਜਬ ਤੌਰ 'ਤੇ ਜ਼ਰੂਰੀ ਸਮਝਦਾ ਹਾਂ, ਪਰ ਮੈਂ ਸਿੱਧੇ ਤੌਰ 'ਤੇ ਇਸਨੂੰ ਤੁਹਾਨੂੰ ਪ੍ਰਦਾਨ ਕਰਾਉਣ ਦੇ ਯੋਗ ਨਹੀਂ ਹਾਂ।"

**ਪ੍ਰ: ਔਰਤਾਂ ਕੋਲ ਕੀ ਉਪਾਅ ਹੁੰਦੇ ਹਨ ਜੇਕਰ ਉਹਨਾਂ ਦੀ HIV-ਪਾਜ਼ੇਟਿਵ ਅਵਸਥਾ ਦਾ ਖੁਲਾਸਾ ਉਹਨਾਂ ਦੀ ਸਹਿਮਤੀ ਦੇ ਬਿਨਾਂ ਕਰ ਦਿੱਤਾ ਗਿਆ ਹੈ?**

**ਜਵਾਬ:**ਜੇ ਕਿਸੇ ਨੇ ਤੁਹਾਡੇ ਮੁਵੱਕਲ ਦੀ ਪਰਦੇਦਾਰੀ ਦੀ ਉਲੰਘਣਾ ਕੀਤੀ ਹੈ ਅਤੇ ਇਹ ਉਲੰਘਣਾ ਵਿਧਾਨ ਦੇ ਦਾਇਰੇ ਹੇਠ ਆਉਂਦੀ ਹੈ, ਤਾਂ ਉਹ ਇਨਫਰਮੇਸ਼ਨ ਐਂਡ ਪ੍ਰਾਈਵੇਸੀ ਕਮਿਸ਼ਨਰ ਆਫ ਓਨਟੈਰੀਓ (ਜੇ ਉਲੰਘਣਾ PHIPA ਵਰਗੇ ਸੂਬਾਈ ਵਿਧਾਨ ਦੀ ਹੋਈ ਹੈ) ਜਾਂ ਆਫਿਸ ਆਫ ਦਾ ਪ੍ਰਾਈਵੇਸੀ ਕਮਿਸ਼ਨਰ ਆਫ ਕੈਨੇਡਾ (ਜੇਕਰ ਉਲੰਘਣਾ *ਪਰਸਨਲ ਇਨਫਰਮੇਸ਼ਨ ਪ੍ਰੋਟੈਕਸ਼ਨ ਐਂਡ ਇਲੈਕਟਰਾਨਿਕ ਡਾਕੂਮੈਂਟਸ ਐਕਟ*ਵਰਗੇ ਸੰਘੀ ਵਿਧਾਨ ਦੀ ਹੋਈ ਹੈ), ਕੋਲ ਸ਼ਿਕਾਇਤ ਕਰ ਸਕਦੀ ਹੈ। ਇਸ ਗੱਲ 'ਤੇ ਨਿਰਭਰ ਕਰਨ ਅਨੁਸਾਰ ਕਿ ਕਿਹੜਾ ਵਿਧਾਨ ਲਾਗੂ ਹੁੰਦਾ ਹੈ, ਹੋ ਸਕਦਾ ਹੈ ਇਸ ਵਾਸਤੇ ਕੋਈ ਸਮਾਂ ਸੀਮਾ ਹੋਵੇ (ਉਦਾਹਰਨ ਲਈ ਪਰਦੇਦਾਰੀ ਦੀ ਉਲੰਘਣਾ ਦੇ ਸਬੰਧ ਵਿੱਚ ਸ਼ਿਕਾਇਤ ਵਾਸਤੇ PHIPA ਦੀ ਸਮਾਂ ਸੀਮਾ ਇੱਕ ਸਾਲ ਹੈ)। ਜਿੱਥੇ ਕੋਈ ਵਿਧਾਨ ਲਾਗੂ ਨਹੀਂ ਹੁੰਦਾ, ਓਥੇ ਤੁਹਾਡਾ ਮੁਵੱਕਲ "ਕਾਮਨ ਲਾਅ" ਦੀ ਵਰਤੋਂ ਕਰਦੇ ਹੋਏ, ਅਦਾਲਤ ਵਿੱਚ ਮੁਕੱਦਮਾ ਕਰਨ ਦੀ ਕੋਸ਼ਿਸ਼ ਵੀ ਕਰ ਸਕਦਾ ਹੈ।[5]

ਤੁਹਾਡੀ ਪ੍ਰਸਥਿਤੀ ਵਾਸਤੇ ਵਿਸ਼ੇਸ਼ ਜਾਣਕਾਰੀ ਵਾਸਤੇ ਤੁਹਾਨੂੰ ਕਿਸੇ ਵਕੀਲ ਜਾਂ ਲੀਗਲ ਕਲੀਨਿਕ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਇਨਫਰਮੇਸ਼ਨ ਐਂਡ ਪ੍ਰਾਈਵੇਸੀ ਕਮਿਸ਼ਨਰ ਆਫ ਓਨਟੈਰੀਓ (www.ipc.on.ca) ਅਤੇ ਆਫਿਸ ਆਫ ਦਾ ਪ੍ਰਾਈਵੇਸੀ ਕਮਿਸ਼ਨਰ ਆਫ ਕੈਨੇਡਾ (www.priv.gc.ca) ਦੀਆਂ ਵੈੱਬਸਾਈਟਾਂ ਪਰਦੇਦਾਰੀ ਦੇ ਅਧਿਕਾਰਾਂ ਅਤੇ ਇਸ ਬਾਰੇ ਜਾਣਕਾਰੀ ਵੀ ਪ੍ਰਦਾਨ ਕਰਾਉਂਦੀਆਂ ਹਨ ਕਿ ਸ਼ਿਕਾਇਤ ਕਿਵੇਂ ਕਰਨੀ ਹੈ।

### ਪ੍ਰ: ਮੈਂ ਕਿਸੇ ਮੁਵੱਕਲ ਨੂੰ ਕਿੱਥੇ ਭੇਜ ਸਕਦਾ/ਦੀ ਹਾਂ ਜਿਸਨੂੰ HIV-ਸਬੰਧਿਤ ਕਨੂੰਨੀ ਸਲਾਹ ਦੀ ਲੋੜ ਹੈ?

**ਜਵਾਬ:**HIV ਐਂਡ ਏਡਜ਼ ਲੀਗਲ ਕਲੀਨਿਕ ਓਨਟੈਰੀਓ (HALCO) ਇੱਕ ਦਾਨੀ (charitable) ਗੈਰ-ਮੁਨਾਫਾ ਭਾਈਚਾਰਾ-ਆਧਾਰਿਤ ਕਨੂੰਨੀ ਕਲੀਨਿਕ ਹੈ ਜੋ ਓਨਟੈਰੀਓ ਵਿੱਚ HIV/ਏਡਜ਼ ਨਾਲ ਜੀਵਨ ਬਸਰ ਕਰ ਰਹੇ ਜਾਂ ਇਸਤੋਂ ਪ੍ਰਭਾਵਿਤ ਲੋਕਾਂ ਨੂੰ ਮੁਫ਼ਤ ਕਨੂੰਨੀ ਸਹਾਇਤਾ ਪ੍ਰਦਾਨ ਕਰਾਉਂਦਾ ਹੈ। (ਟੋਰੰਟੋ: 416-340-7790 ਓਨਟੈਰੀਓ ਵਿੱਚ ਟੋਲ-ਫ੍ਰੀ 1-888-705-8889)।
ਹੋਰ ਵੀ ਬਹੁਤ ਸਾਰੇ ਵਕੀਲ ਅਤੇ ਕਨੂੰਨੀ ਕਲੀਨਿਕ ਹਨ, ਕੁਝ ਕੁ ਅਜਿਹੇ ਵੀ ਹਨ ਜੋ ਕਨੂੰਨ ਦੇ ਵਿਭਿੰਨ ਖੇਤਰਾਂ ਵਿੱਚ ਵਿਸ਼ੇਸ਼ ਮੁਹਾਰਤ ਰੱਖਦੇ ਹਨ।

### ਵਧੇਰੇ ਜਾਣਕਾਰੀ ਵਾਸਤੇ

- **HIV ਦਾ ਟੈਸਟ ਕਰਾਉਣ ਬਾਬਤ: www.aidslaw.ca/testing**
  - HIV Testing (info sheets)
- **ਸਿਹਤ ਜਾਣਕਾਰੀ ਦੀ ਪਰਦੇਦਾਰੀ ਬਾਬਤ: www.aidslaw.ca/privacy**
  - HIV/ਏਡਜ਼ ਅਤੇ ਸਿਹਤ ਜਾਣਕਾਰੀ ਦੀ ਪਰਦੇਦਾਰੀ (ਜਾਣਕਾਰੀ ਸ਼ੀਟਾਂ)
- **ਅਪਰਾਧਕ ਕਨੂੰਨ ਅਤੇ HIV ਦੇ ਖੁਲਾਸੇ ਬਾਬਤ: www.aidslaw.ca/criminallaw**
  - ਕੈਨੇਡਾ ਵਿੱਚ ਅਪਰਾਧਕ ਕਨੂੰਨ ਅਤੇ HIV ਦਾ ਖੁਲਾਸਾ ਨਾ ਕਰਨਾ: ਸਵਾਲ ਅਤੇ ਜਵਾਬ
  - ਅਪਰਾਧਕ ਕਨੂੰਨ ਅਤੇ HIV (ਜਾਣਕਾਰੀ ਸ਼ੀਟਾਂ)
  - HIV ਦਾ ਖੁਲਾਸਾ ਅਤੇ ਕਨੂੰਨ: ਸੇਵਾ ਪ੍ਰਦਾਨਕਾਂ ਵਾਸਤੇ ਇੱਕ ਸਰੋਤ ਕਿੱਟ
- **ਔਰਤਾਂ ਅਤੇ HIV ਨਾਲ ਸਬੰਧਿਤ ਕਨੂੰਨੀ ਮਸਲਿਆਂ ਬਾਬਤ www.aidslaw.ca/women**
  - ਔਰਤਾਂ ਅਤੇ HIV (ਜਾਣਕਾਰੀ ਸ਼ੀਟਾਂ)

ਇਹ ਸਵਾਲ ਅਤੇ ਜਵਾਬ ਦਸਤਾਵੇਜ਼ ਟੋਰਂਟੋ ਖੇਤਰ ਵਿੱਚ ਸੇਵਾ ਪ੍ਰਦਾਨਕਾਂ ਵਾਸਤੇ ਲਗਾਈ ਗਈ ਇੱਕ ਵਰਕਸ਼ਾਪ ’ਤੇ ਆਧਾਰਿਤ ਹੈ। ਵਰਕਸ਼ਾਪ ਵਿਖੇ ਪੇਸ਼ਕਾਰੀਆਂ ਦੀ ਅਦਾਇਗੀ ਵਿਮਨਜ਼ ਹੈਲਥ ਇਨ ਵਿਮਨਜ਼ ਹੈਂਡਜ਼ ਕਮਿਊਨਿਟੀ ਹੈਲਥ ਸੈਂਟਰ ਦੀ ਮਾਰਵਲਸ ਮੁਚੇਨਜੇ, HIV ਐਂਡ ਏਡਜ਼ ਲੀਗਲ ਕਲੀਨਿਕ ਓਨਟੈਰੀਓ (HALCO) ਲਈ ਰੀਨੀ ਲੈਂਗ, ਅਤੇ ਕੈਨੇਡੀਅਨ HIV/ਏਡਜ਼ ਲੀਗਲ ਨੈੱਟਵਰਕ ਵਾਸਤੇ ਅਲੀਸਨ ਸਾਈਮਿੰਗਟਨ ਦੁਆਰਾ ਕੀਤੀ ਗਈ ਸੀ। ਨੋਟ ਕਰੋ ਕਿ ਇਸ ਸਵਾਲ ਅਤੇ ਜਵਾਬ ਦਸਤਾਵੇਜ਼ ਵਿਚਲੀ ਜਾਣਕਾਰੀ ਓਨਟੈਰੀਓ-ਕੇਂਦਰਤ ਹੈ ਕਿਉਂਕਿ ਜਿਸ ਵਰਕਸ਼ਾਪ ’ਤੇ ਇਹ ਆਧਾਰਿਤ ਹੈ, ਉਹ ਓਨਟੈਰੀਓ ਵਿੱਚ ਹੋਈ ਸੀ।

ਇਸ ਪ੍ਰਕਾਸ਼ਨਾ ਵਿੱਚ ਆਮ ਜਾਣਕਾਰੀ ਹੈ। ਇਹ ਕਨੂੰਨੀ ਸਲਾਹ ਨਹੀਂ ਹੈ ਅਤੇ ਕਨੂੰਨੀ ਸਲਾਹ ਵਜੋਂ ਇਸ ਉੱਤੇ ਭਰੋਸਾ ਨਹੀਂ ਕੀਤਾ ਜਾਣਾ ਚਾਹੀਦਾ। ਇਸ ਸਵਾਲ ਅਤੇ ਜਵਾਬ ਦਸਤਾਵੇਜ਼ ਦੀਆਂ ਨਕਲਾਂ ਕੈਨੇਡੀਅਨ HIV/AIDS ਲੀਗਲ ਨੈੱਟਵਰਕ ਦੀ ਵੈੱਬਸਾਈਟ www.aidslaw.ca/women ’ਤੇ ਉਪਲਬਧ ਹਨ। ਮੁੜ-ਪ੍ਰਕਾਸ਼ਨਾ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ ਪਰ ਕਾਪੀਆਂ ਨੂੰ ਵੇਚਿਆ ਨਹੀਂ ਜਾ ਸਕਦਾ, ਅਤੇ ਜਾਣਕਾਰੀ ਦੇ ਸਰੋਤ ਵਜੋਂ ਕੈਨੇਡੀਅਨ HIV/AIDS ਲੀਗਲ ਨੈੱਟਵਰਕ (Canadian HIV/AIDS Legal Network) ਦਾ ਜਿਕਰ ਕਰਨਾ ਲਾਜ਼ਮੀ ਹੈ। *Ce document est également disponible en français.*

© Canadian HIV/AIDS Legal Network 2012

**References**

[1] Public Health Agency of Canada, *Population-Specific HIV/AIDS Status Report: Women*, 2012.
[2] Please refer to www.aidslaw.ca/criminallaw for updates on this evolving legal standard.
[3] Note, however, that certain service providers may have specific duties because of their relationship with the person at risk (e.g., if a fiduciary duties exists) or obligations related to the specific regulations applicable to their profession. See *HIV and the criminal law: A resource kit for service providers* for further information.
[4] See s. 3 of the *Personal Health Information Protection Act*, 2004, S.O. 2004, Ch. 3, which defines a “health information custodian.” Very broadly, someone who delivers traditional health care may be a custodian depending on where she works. If you work in a hospital, the hospital is the custodian. If you have your own practice, you are the custodian. If you have a job that does not involve the delivery of traditional health care, then you are not a custodian even though you may be a member of a regulated health college or a registered social worker.
[5] See, for example, Ontario Court of Appeal case of *Jones v. Tsige*, 2012 ONCA 32.